ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)
(ਕਾਲਜ ਸੈਕਸ਼ਨ)
e-mail

ਨੰ :17947-17948/ਕਾਲਜਾਂ/ਸ.1
ਮਿਤੀ :5/7/2016

1) ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।
2) ਡਾਇਰੈਕਟਰ,ਕਾਂਸਟੀਚੂਐਂਟ ਕਾਲਜ(ਕਾਂਸਟੀਚੂਐਂਟ ਕਾਲਜਾਂ ਨੂੰ ਸਰਕੂਲੇਟ ਕਰਨ ਹਿੱਤ)।

ਵਿਸ਼ਾ : ਸੈਸ਼ਨ 2016-17 ਦੌਰਾਨ ਦਾਖਲਿਆਂ ਦੀਆਂ ਮਿਤੀਆਂ ਦੇ ਸ਼ਡਿਊਲ ਸੰਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਦਫਤਰ ਵਲੋਂ ਜਾਰੀ ਪੱਤਰ ਨੰ: 6899-6900 ਮਿਤੀ 29.03.2016 ਸ਼ਡਿਊਲ) ਦੀ ਲਗਾਤਾਰਤਾ ਵਿੱਚ ਵਾਈਸ-ਚਾਂਸਲਰ ਸਾਹਿਬ ਵਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਹੋਏ ਆਦੇਸ਼ਾਂ ਦੀ ਲੋਅ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2016-17 ਦੌਰਾਨ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਵਿਖੇ ਦਾਖਲਿਆਂ ਦੀਆਂ ਮਿਤੀਆਂ ਵਿੱਚ ਹੇਠ ਲਿਖੇ ਅਨੁਸਾਰ ਵਾਧਾ/ਤਬਦੀਲੀ ਕੀਤੀ ਹੈ:-

| | ਪਹਿਲਾਂ ਨਿਰਧਾਰਿਤ ਸ਼ਡਿਊਲ | ਸੋਧ ਉਪਰੰਤ ਨਿਰਧਾਰਿਤ ਸ਼ਡਿਊਲ |
|---|---|---|
| 1. ਕਾਲਜ ਖੁੱਲਣ ਦੀ ਮਿਤੀ | 30.6.16 | 07.07.2016 |
| 2. ਸਮੈਸਟਰ ਅਤੇ ਸਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ | 14.07.16 ਤੱਕ | 23.07.16 ਤੱਕ (ਬਿਨਾਂ ਲੇਟ ਫੀਸ) |
| 3. 500/-ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 15.07.16 ਤੋਂ 30.07.16 ਤੱਕ | 25.07.16 ਤੋਂ 04.08.16 ਤੱਕ |
| 4. 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 01.08.16 ਤੋਂ 10.08.16 ਤੱਕ | 05.08.16 ਤੋਂ 12.08.16 ਤੱਕ |
| 5. 1500/- ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 11.08.16 ਤੋਂ 20.08.16 ਤੱਕ | 13.08.16 ਤੋਂ 22.08.16 ਤੱਕ |
| 6. 2000/- ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ। | 22.08.16 ਤੋਂ 31.08.16 ਤੱਕ | 23.08.16 ਤੋਂ 31.08.16 ਤੱਕ |

ਇਸ ਤੋਂ ਇਲਾਵਾ ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਪੜ੍ਹਨ ਵਾਲੇ ਵਿਦਿਆਰਥੀਆਂ ਸੰਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਉਹ ਵਿਦਿਆਰਥੀ ਜਿਨ੍ਹਾਂ ਨੇ ਦਸਵੀਂ ਪੱਧਰ ਦੀ ਪ੍ਰੀਖਿਆ ਪੰਜਾਬ ਰਾਜ ਵਿਚ ਸਥਿਤ ਕਿਸੇ ਵੀ ਸਕੂਲ ਤੋਂ ਪਾਸ ਕੀਤੀ ਹੈ, ਨੂੰ ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਪੜ੍ਹਨ ਦੀ ਪ੍ਰਵਾਨਗੀ ਗ੍ਰੈਜੂਏਸ਼ਨ ਪੱਧਰ ਤੇ ਨਹੀਂ ਦਿੱਤੀ ਜਾਵੇਗੀ। ਇਸ ਨੂੰ ਜ਼ਰੂਰੀ ਹਦਾਇਤਾਂ ਦੇ ਕ੍ਰਮ ਨੰਬਰ 3(i) ਦਾ ਭਾਗ c ਪੜ੍ਹਿਆ ਜਾਵੇ। ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਕਲਾਜ਼ (b) ਵਿਚ ਦਰਜ ਵਿਦਿਆਰਥੀਆਂ ਤੇ ਲਾਗੂ ਨਹੀਂ ਹੋਵੇਗੀ।

5/7/16
ਸਹਾਇਕ ਰਜਿਸਟਰਾਰ(ਕਾਲਜਾਂ)

ਸਹਾਇਕ ਰਜਿਸਟਰਾਰ (ਕਾਲਜਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਉਤਾਰਾ:-
1. ਕੰਟਰੋਲਰ(ਪ੍ਰੀਖਿਆਵਾਂ)
2. ਨਿੱਜੀ ਸਹਾਇਕ(ਡੀਨ,ਅਕਾਦਮਿਕ ਮਾਮਲੇ)
3. ਨਿੱਜੀ ਸਹਾਇਕ(ਡੀਨ,ਕਾਲਜ ਵਿਕਾਸ ਕੌਂਸਲ)
4. ਨਿਗਰਾਨ(ਜਨਰਲ ਬਰਾਂਚ)
5. ਡਾਇਰੈਕਟਰ, ਕੰਪਿਊਟਰ ਸੈਂਟਰ(ਯੂਨੀ.ਸਾਈਟ ਤੇ ਅਪਲੋਡ ਕਰਨ ਹਿੱਤ ਜੀ)

2759/VCC
6/7/16